ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।

ਹੁਕਮ ਨੰ: 10/48-12 ਅ1(5)/ ਕੋ:ਸੈਲ(3)
ਮਿਤੀ, ਐਸ.ਏ.ਐਸ.ਨਗਰ: 30.04.2015

ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿੱਖਿਆ-2 ਸ਼ਾਖਾ) ਦੇ ਹੁਕਮ ਨੰ: 18/44/11-1ਸਿ2/3625 ਮਿਤੀ 28.04.2011 ਰਾਹੀਂ ਸ੍ਰੀਮਤੀ ਰਵਿੰਦਰ ਕੁਮਾਰੀ ਪੁੱਤਰੀ ਸ੍ਰੀ ਨਰਿੰਦਰ ਨਾਥ ਪਿੰਡ ਧਨਾਲ ਕਲਾਂ ਡਾਕ: ਫੁਲਪੁਰ ਜ਼ਿਲ੍ਹਾ ਜਲੰਧਰ ਦੀ ਨਿਯੁਕਤੀ ਬਤੌਰ ਲੈਕਚਰਾਰ ਕਮਰਸ (ਰਜਿਸਟ੍ਰੇਸ਼ਨ ਨੰ: 10002631, ਕੈਟਾਗਰੀ, ਜਨਰਲ), ਯਕਮੁਸਤ ਤਨਖਾਹ 6400/-ਰੁਪਏ ਪ੍ਰਤੀ ਮਹੀਨਾ ਠੇਕੇ ਦੇ ਆਧਾਰ ਤੇ 17 ਵੱਖ-ਵੱਖ ਨਿਧਾਰਿਤ ਸ਼ਰਤਾ ਤਹਿਤ ਕੀਤੀ ਗਈ ਸੀ। ਇਹ ਕਰਮਚਾਰਨ ਮਿਤੀ 25.05.2011 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖਾਂਬਰਾ (ਜਲੰਧਰ) ਵਿਖੇ ਹਾਜਰ ਹੋਈ। ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਜਲੰਧਰ ਦੀ ਰਿਪੋਰਟ ਅਨੁਸਾਰ ਇਸ ਕਰਮਚਾਰਨ ਨੇ ਮਿਤੀ 13.10.2011 ਤੋਂ ਮਿਤੀ 15.10.2011 ਤੱਕ 3 ਦਿਨ ਦੀ ਛੁਟੀ ਲਈ ਸੀ। ਛੁਟੀ ਖਤਮ ਹੋਣ ਉਪਰੰਤ ਮਿਤੀ 16.10.2011 ਨੂੰ ਹਾਜਰ ਨਹੀਂ ਹੋਈ। ਸਕੂਲ ਮੁੱਖੀ ਵੱਲੋ ਕਰਮਚਾਰਨ ਦੇ ਘਰ ਦੇ ਪਤੇ ਤੇ ਡਿਊਟੀ ਹਾਜਰ ਹੋਣ ਲਈ ਦਸਤੀ ਪੱਤਰ ਨੰ: 45 ਮਿਤੀ 18.10.2011 ਨੂੰ ਭੇਜਿਆ ਗਿਆ ਜੋ ਕਿ ਕਰਮਚਾਰਨ ਦੀ ਮਾਤਾ ਜੀ ਵੱਲੋ ਰਸੀਵ ਕੀਤਾ । ਇਸ ਉਪਰੰਤ ਸਕੂਲ ਮੁੱਖੀ ਵੱਲੋ ਕਰਮਚਾਰਨ ਨੂੰ ਰਜਿਸਟਰਡ ਪੱਤਰ ਮਿਤੀ 24.10.2011 ਨੂੰ ਲਿਖਿਆ ਪਰੰਤੂ ਕਰਮਚਾਰਨ ਡਿਊਟੀ ਤੇ ਹਾਜਰ ਨਹੀਂ ਹੋਈ। ਕਰਮਚਾਰਨ ਮਿਤੀ 16.10.2011 ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਗੈਰ-ਹਾਜ਼ਰ ਹੈ।

ਸ੍ਰੀਮਤੀ ਰਵਿੰਦਰ ਕੁਮਾਰੀ, ਲੈਕਚਰਾਰ ਕਮਰਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖਾਂਬਰਾ (ਜਲੰਧਰ) ਨੂੰ ਜਾਰੀ ਕੀਤੇ ਨਿਯੁਕਤੀ-ਪੱਤਰ ਵਿੱਚ ਦਰਜ਼ ਸ਼ਰਤ ਨੰਬਰ-08 ਤੋਂ ਇਹ ਸਪਸ਼ਟ ਹੈ ਕਿ ਉਮੀਦਵਾਰ ਦੀ ਨਿਯੁਕਤੀ ਨਿਰੋਲ ਠੇਕੇ ਦੇ ਅਧਾਰ ਤੇ ਹਾਜਰ ਹੋਣ ਦੀ ਮਿਤੀ ਤੋਂ ਇਕ ਸਾਲ ਦੇ ਸਮੇਂ ਲਈ ਕੀਤੀ ਗਈ ਸੀ ਇਹ ਠੇਕੇ ਤੇ ਨਿਯੁਕਤੀ ਅੱਗੇ ਇਕ ਸਾਲ ਲਈ ਇਸ ਸ਼ਰਤ ਤੇ ਵਧਾਈ ਜਾਣੀ ਸੀ ਕਿ ਉਸਦਾ ਕੰਮ ਅਤੇ ਵਿਵਹਾਰ ਸਮਰੱਥ ਅਧਿਕਾਰੀ ਵੱਲੋ ਤਸੱਲੀਬਖਸ਼ ਪਾਇਆ ਗਿਆ ਹੋਵੇ। ਪਰੰਤੂ ਸ੍ਰੀਮਤੀ ਰਵਿੰਦਰ ਕੁਮਾਰੀ, ਲੈਕਚਰਾਰ ਕਮਰਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖਾਂਬਰਾ (ਜਲੰਧਰ) ਦਾ ਕੰਮ ਅਤੇ ਵਿਵਹਾਰ ਬਿਲਕੁਲ ਵੀ ਤਸੱਲੀਬਖਸ਼ ਨਹੀਂ ਰਿਹਾ। ਆਪਣੀ ਡਿਊਟੀ ਤੋਂ ਅਣ-ਅਧਿਕਾਰਤ ਤੌਰ ਤੇ ਲਗਾਤਾਰ ਗੈਰ ਹਾਜ਼ਰ ਰਹਿ ਕੇ ਕਰਮਚਾਰਨ ਨੇ ਪੂਰੀ ਤਰ੍ਹਾਂ ਆਪਣੇ ਗੈਰ ਜ਼ੁੰਮੇਵਾਰ ਹੋਣ ਦਾ ਸਬੂਤ ਦਿੱਤਾ ਹੈ।

ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਉਪਰੋਕਤ ਦਰਸਾਏ ਤੱਥਾਂ ਦੇ ਸਨਮੁੱਖ ਨਿਯੁਕਤੀ ਪੱਤਰ ਵਿੱਚ ਦਰਜ਼ ਸ਼ਰਤ ਨੰਬਰ ਨੰ: 08 ਅਧੀਨ ਸ੍ਰੀਮਤੀ ਰਵਿੰਦਰ ਕੁਮਾਰੀ, ਲੈਕਚਰਾਰ ਕਮਰਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖਾਂਬਰਾ (ਜਲੰਧਰ) ਦੀ ਠੇਕਾ ਅਧਾਰਿਤ ਸੇਵਾਵਾਂ ਤੱਤਕਾਲ ਸਮੇਂ ਤੋਂ ਰੱਦ ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।

ਪਿੱਠ-ਅੰਕਣ ਨੰ: ਉਕਤ/ 9511-14 ਮਿਤੀ, ਐਸ.ਏ.ਐਸ.ਨਗਰ: 13/5/15

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਜਲੰਧਰ ਨੂੰ ਉਨ੍ਹਾਂ ਦੇ ਪੱਤਰ ਨੰਬਰ ਅ-12/2015-10842 ਮਿਤੀ 22.04.2015 ਦੇ ਸਬੰਧ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਦੀ ਸੇਵਾਪੱਤਰੀ ਵਿੱਚ ਲਾਲ ਸਿਆਹੀ ਨਾਲ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲੱਬਧ ਕਰਵਾਈ ਜਾਵੇ।
3. ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖਾਂਬਰਾ (ਜਲੰਧਰ) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪਤੇ ਤੇ ਰਜਿਸਟਰਡ ਡਾਕ ਰਾਹੀਂ ਭੇਜੇ ਜਾਣ। ਕਰਮਚਾਰਨ ਦੀ ਸੇਵਾਪੱਤਰੀ ਵਿੱਚ ਲਾਲ ਸਿਆਹੀ ਨਾਲ ਇੰਦਰਾਜ ਵੀ ਕੀਤਾ ਜਾਵੇ।
4. ਸ੍ਰੀਮਤੀ ਰਵਿੰਦਰ ਕੁਮਾਰੀ, ਲੈਕਚਰਾਰ ਕਮਰਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਖਾਂਬਰਾ (ਜਲੰਧਰ)।

ਸੁਪਰਡੰਟ ਕੋਆਰਡੀਨੇਸ਼ਨ ਸੈਲ